# ਸਰਕੂਲਰ (Circular)

1. ਸਮੂਹ ਸਰਕਾਰੀ/ਅਰਧ ਸਰਕਾਰੀ/ਏਡਿਡ/ਐਫੀਲੀਏਟਿਡ/ਐਸੋਸੀਏਟਿਡ ਮਾਨਤਾ ਪ੍ਰਾਪਤ ਸਕੂਲ ਮੁਖੀ ਅਤੇ ਸਬੰਧਤ ਵਿਦਿਆਰਥੀ।

2. ਜ਼ਿਲ੍ਹਾ ਮੈਨੇਜਰ, ਖੇਤਰੀ ਦਫ਼ਤਰ (ਪਸਸਬ)

3. ਜ਼ਿਲ੍ਹਾ ਸਿੱਖਿਆ ਅਫ਼ਸਰ

**ਵਿਸ਼ਾ: ਅਕਾਦਮਿਕ ਸਾਲ 2026-27 ਲਈ ਬੋਰਡ ਨਾਲ ਸਰਕਾਰੀ/ਅਰਧ ਸਰਕਾਰੀ/ਏਡਿਡ/ਐਫੀਲੀਏਟਿਡ/ਐਸੋਸੀਏਟਿਡ ਸਕੂਲਾਂ ਵੱਲੋਂ ਸਕੂਲ ਪੱਧਰ ਤੇ ਲਏ ਜਾਂਦੇ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਦੇ Bimonthly Class Tests ਅਤੇ ਟਰਮ ਪ੍ਰੀਖਿਆ, ਪ੍ਰੀ-ਬੋਰਡ ਪ੍ਰੀਖਿਆਵਾਂ ਵਿੱਚ ਪ੍ਰਾਪਤ ਅੰਕਾਂ ਨੂੰ ਬੋਰਡ ਪ੍ਰੀਖਿਆਵਾਂ ਵਿੱਚ ਅਹਿਮੀਅਤ ਦੇਣ ਸਬੰਧੀ:-**

1 (i) ਹਰੇਕ ਸਕੂਲ ਵੱਲੋਂ ਪੂਰੇ ਅਕਾਦਮਿਕ ਸੈਸ਼ਨ ਦੌਰਾਨ ਘੱਟੋ-ਘੱਟ ਦੋ Bimonthly Class Tests (ਆਨ ਲਾਈਨ/ਆਫ ਲਾਈਨ) ਲਏ ਜਾਣਗੇ।

(ii) ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਲਈ ਪ੍ਰੀ-ਬੋਰਡ ਪ੍ਰੀਖਿਆਵਾਂ ਸਕੂਲਾਂ ਵੱਲੋਂ ਅਕਾਦਮਿਕ ਸਾਲ 2026-27 ਦੌਰਾਨ 31 ਜਨਵਰੀ, 2027 ਤੱਕ ਆਪਣੀ ਸਹੂਲਤ ਅਨੁਸਾਰ ਸੰਚਾਲਿਤ ਕੀਤੀਆਂ ਜਾਣਗੀਆਂ ਅਤੇ ਇਹਨਾਂ ਪ੍ਰੀਖਿਆਵਾਂ ਵਿੱਚ ਵਿਦਿਆਰਥੀ ਵੱਲੋਂ ਵਿਸ਼ਾਵਾਰ ਪ੍ਰਾਪਤ ਅੰਕਾਂ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜਾਰੀ ਪੋਰਟਲ ' ਤੇ 25 ਫਰਵਰੀ ਤੱਕ ਸਕੂਲਾਂ ਵੱਲੋਂ ਅਪਲੋਡ ਕੀਤਾ ਜਾਵੇਗਾ।

(iii) Bimonthly Class Tests ਅਤੇ ਪ੍ਰੀ-ਬੋਰਡ ਪ੍ਰੀਖਿਆ ਦੇ ਨਾਲ-ਨਾਲ ਸਤੰਬਰ ਮਹੀਨੇ ਵਿੱਚ ਇੱਕ ਟਰਮ ਪ੍ਰੀਖਿਆ ਵੀ ਸਕੂਲਾਂ ਵੱਲੋਂ ਲਈ ਜਾਵੇਗੀ।

2. ਉਪਰੋਕਤ ਲੜੀ ਨੰ: 1(i) ਤੋਂ 1(iii) ਅਨੁਸਾਰ ਲਏ ਗਏ ਫੈਸਲੇ ਦੀ ਲੋਅ ਵਿੱਚ Bimonthly Class Tests, ਟਰਮ ਪ੍ਰੀਖਿਆ ਅਤੇ ਪ੍ਰੀ-ਬੋਰਡ ਪ੍ਰੀਖਿਆ ਲੈਣ ਦਾ ਸਮਾਂ (ਸ਼ਡਿਊਲ) ਹੇਠ ਅਨੁਸਾਰ ਦਰਜ ਹੈ:-

Bimonthly Class Tests (ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਲਈ)

i) **a) Bimonthly Tests 1 -** ਜੁਲਾਈ 15 ਤੱਕ

b) **Bimonthly Tests 2 -** ਨਵੰਬਰ ਦੇ ਅਖੀਰਲੇ ਹਫ਼ਤੇ ਤੋਂ ਦਸੰਬਰ ਦੇ ਪਹਿਲੇ ਹਫ਼ਤੇ ਦਰਮਿਆਨ

(ii) **ਟਰਮ ਪ੍ਰੀਖਿਆ -** ਸਤੰਬਰ ਮਹੀਨੇ ਦਰਮਿਆਨ

iii) **ਪ੍ਰੀ-ਬੋਰਡ ਪ੍ਰੀਖਿਆਵਾਂ** - ਜਨਵਰੀ 31 ਤੱਕ (ਸਕੂਲ ਦੀ ਸਹੂਲਤ ਅਨੁਸਾਰ)

3. ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਲਈ ਟਰਮ ਪ੍ਰੀਖਿਆ ਦੇ ਅੰਕ ਅਤੇ ਪ੍ਰੀ-ਬੋਰਡ ਪ੍ਰੀਖਿਆਵਾਂ ਦੇ ਵਿਸ਼ਾਵਾਰ ਅੰਕ ਸਕੂਲ ਵੱਲੋਂ ਹਰੇਕ ਸਾਲ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜਾਰੀ ਪੋਰਟਲ ' ਤੇ 25 ਫਰਵਰੀ ਤੱਕ ਅਪਲੋਡ ਕੀਤੇ ਜਾਣ।

4. ਵੱਖ-ਵੱਖ ਵਿਸ਼ਿਆਂ ਲਈ ਪ੍ਰੀ-ਬੋਰਡ/ਟਰਮ ਪ੍ਰੀਖਿਆਵਾਂ, ਬੋਰਡ ਵੱਲੋਂ ਦਿੱਤੇ ਗਏ ਨਮੂਨਾ ਪ੍ਰਸ਼ਨ-ਪੱਤਰ ਅਤੇ ਨਿਰਧਾਰਿਤ ਪੂਰੇ ਅੰਕਾਂ ਅਨੁਸਾਰ ਹੀ ਲਈਆਂ ਜਾਣ।

5. ਸਕੂਲਾਂ ਵੱਲੋਂ ਲਏ ਗਏ Bimonthly Test, ਟਰਮ ਪ੍ਰੀਖਿਆ ਅਤੇ ਪ੍ਰੀ-ਬੋਰਡ ਦੇ ਵਿਸ਼ਾਵਾਰ ਅੰਕਾਂ ਦਾ ਰਿਕਾਰਡ ਨਤੀਜਾ ਐਲਾਨੇ ਜਾਣ ਤੋਂ ਬਾਅਦ 3 ਸਾਲ ਤੱਕ ਸੰਭਾਲ ਕੇ ਰੱਖਣਾ ਜ਼ਰੂਰੀ ਹੋਵੇਗਾ। ਇਹ ਰਿਕਾਰਡ ਬੋਰਡ ਵੱਲੋਂ ਕਿਸੇ ਵੀ ਸਮੇਂ ਵੈਰੀਫਾਈ ਕੀਤਾ ਜਾ ਸਕਦਾ ਹੈ।

6(i) ਓਪਨ ਸਕੂਲ ਪ੍ਰਣਾਲੀ ਅਧੀਨ ਦਾਖਲ ਹੋਏ ਵਿਦਿਆਰਥੀਆਂ ਲਈ ਵਿਅਕਤੀਗਤ ਸੰਪਰਕ ਪ੍ਰੋਗਰਾਮ ਦੌਰਾਨ ਦੋ ਮੁਲਾਂਕਣ ਟੈਸਟ ਅਤੇ ਪ੍ਰੀ-ਬੋਰਡ ਪ੍ਰੀਖਿਆ/ਟੈਸਟ ਦੇਣੇ ਲਾਜ਼ਮੀ ਹਨ।

(ii) ਵਿਸ਼ਿਆਂ ਲਈ ਅੰਕ ਵੰਡ ਰੈਗੂਲਰ ਵਿਦਿਆਰਥੀਆਂ ਵਾਲੀ ਹੀ ਹੋਵੇਗੀ ਪਰ ਓਪਨ ਸਕੂਲ ਦੇ ਪ੍ਰੀਖਿਆਰਥੀ ਲਈ ਅਧਿਐਨ ਕੇਂਦਰਾਂ ਵੱਲੋਂ ਸੰਚਾਲਿਤ ਮੁਲਾਂਕਣ ਟੈਸਟਾਂ ਅਤੇ ਪ੍ਰੀ ਬੋਰਡ ਦੀ ਪ੍ਰੀਖਿਆ ਵਿੱਚੋਂ ਪ੍ਰਾਪਤ ਅੰਕਾਂ ਨੂੰ ਪੜ੍ਹਾਈ ਸਕੀਮ ਅਧੀਨ ਵੱਖ-ਵੱਖ ਵਿਸ਼ਿਆਂ ਲਈ ਨਿਰਧਾਰਿਤ INA(Internal Assessment) ਦੇ ਅੰਕਾਂ ਅਨੁਸਾਰ ਅਨੁਪਾਤਕ ਤੌਰ ' ਤੇ ਵੰਡਦੇ ਹੋਏ INA ਦੇ ਕਾਲਮ ਅਧੀਨ ਦਰਸਾਇਆ ਜਾਵੇ।

7. ਸਕੂਲਾਂ ਵੱਲੋਂ ਲਏ ਟਰਮ ਪ੍ਰੀਖਿਆ ਤੇ ਪ੍ਰੀ-ਬੋਰਡ ਪ੍ਰੀਖਿਆਵਾਂ ਵਿੱਚ ਪ੍ਰਾਪਤ ਅੰਕਾਂ ਨੂੰ ਵਿਦਿਆਰਥੀਆਂ ਦੇ ਬੋਰਡ ਦੀ ਪ੍ਰੀਖਿਆ ਦੇ ਨਤੀਜੇ ਵਿੱਚ ਅਹਿਮੀਅਤ ਦੇਣ ਲਈ ਇਹਨਾਂ ਅੰਕਾਂ ਨੂੰ ਅਕਾਦਮਿਕ ਸਾਲ 2026-27 ਲਈ ਅੱਠਵੀਂ ਸ਼੍ਰੇਣੀ ਲਈ ਹਰੇਕ ਵਿਸ਼ੇ ਲਈ ਨਿਰਧਾਰਿਤ ਸੀ.ਸੀ.ਈ ਅਤੇ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਲਈ ਹਰੇਕ ਵਿਸ਼ੇ ਲਈ ਨਿਰਧਾਰਿਤ ਆਈ.ਐਨ.ਏ ਦੇ ਅੰਕਾਂ ਅਧੀਨ ਸ਼ਾਮਿਲ ਕਰਦੇ ਹੋਏ ਮੁਕੰਮਲ ਸੀ.ਸੀ.ਈ/ਆਈ.ਐਨ.ਏ ਦਾ ਮੌਡਿਊਲ ਖੇਤਰ ਵਿੱਚ ਪ੍ਰੀ-ਬੋਰਡ ਪ੍ਰੀਖਿਆ ਲੈਣ ਲਈ ਸਬੰਧੀ ਜਾਰੀਸ਼ੁਦਾ ਪੱਤਰ ਦੇ ਨਾਲ ਹੀ ਭੇਜਿਆ ਜਾਵੇਗਾ।

01/06/2026

**ਉੱਪ-ਸਕੱਤਰ(ਅਕਾਦਮਿਕ)**

**ਪੰਜਾਬ ਸਕੂਲ ਸਿੱਖਿਆ ਬੋਰਡ**